# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
**ਐਸ.ਸੀ.ਓ.ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ 21380-402
ਮਿਤੀ,ਚੰਡੀਗੜ੍ਹ 21-4-2011

**ਵਿਸ਼ਾ :-** **ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਕਰਵਾਉਣ ਸਬੰਧੀ।**

**ਹਵਾਲਾ :-** **ਇਸ ਦਫ਼ਤਰ ਦੇ ਪੱਤਰ ਨੰ: ਏ.ਐਸ.ਪੀ.ਡੀ./ਮੈਥ/2010/76504-76522 , ਮਿਤੀ,ਚੰਡੀਗੜ੍ਹ 21-12-2010 ਦੀ ਲਗਾਤਾਰਤਾ ਵਿੱਚ।**

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਰਾਜ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦਾ ਸਮੇਂ ਸਮੇਂ ਤੇ ਕੀਤੇ ਗਏ ਨਿਰੀਖਣਾਂ ਦੇ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਆਮ ਤੌਰ ਤੇ ਸਾਇੰਸ ਮਾਸਟਰ ਦੁਆਰਾ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੋਈ ਪ੍ਰੈਕਟੀਕਲ ਨਹੀਂ ਕਰਵਾਇਆ ਜਾਂਦਾ ਜਦੋਂ ਕਿ ਸਾਇੰਸ ਅਧਿਆਪਕਾਂ ਦੁਆਰਾ ਸਰਕਾਰ ਤੋਂ ਹਰ ਮਹੀਨੇ 400 ਰੁਪਏ ਮਹੀਨਾ ਸਾਇੰਸ ਸਪੈਸ਼ਲ ਭੱਤਾ ਲਿਆ ਜਾਂਦਾ ਹੈ ਜੋ ਕਿ ਸਕੂਲ ਮੁੱਖੀ/ਡੀ.ਡੀ.ਓ.ਵੱਲੋਂ ਸਬੰਧਤ ਸਾਇੰਸ ਅਧਿਆਪਕਾਂ ਤੋਂ ਸੁਨਿਸ਼ਚਤ ਕਰਨ ਤੋਂ ਬਾਅਦ ਕਿ ਵਿਸ਼ਾ ਅਧਿਆਪਕ ਨਿਯਮਿਤ ਤਰੀਕੇ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਕਰਵਾਉਂਦਾ ਹੈ ਜਾਂ ਨਹੀਂ, ਉਸ ਦਾ ਸਾਇੰਸ ਭੱਤਾ ਜਾਰੀ ਕਰਨ ਦੇ ਆਦੇਸ਼ ਕੀਤੇ ਸਨ।

2.0 ਇਸ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ/ਡੀ.ਡੀ.ਓ.ਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੰਸਪੈਕਸ਼ਨ ਟੀਮਾਂ, ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੀਆਂ ਟੀਮਾਂ, ਗਣਿਤ ਦੇ ਗੁਣਾਤਮਕ ਸੁਧਾਰ ਲਈ ਚਲਾਏ ਜਾ ਰਹੇ ਪ੍ਰੋਜੈਕਟ ਵਿੱਚ ਕੰਮ ਕਰਨ ਵਾਲੇ

ਚਲਦਾ ਪੰਨਾ......

ਸਾਇੰਸ ਅਧਿਆਪਕਾਂ ਉੱਤੇ ਇਹ ਸ਼ਰਤ ਲਾਗੂ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਟੀਮਾਂ ਵਿੱਚ ਕੰਮ ਕਰਦੇ ਸਾਇੰਸ ਅਧਿਆਪਕ, ਸਕੂਲਾਂ ਵਿੱਚ ਸਾਇੰਸ ਪ੍ਰੈਕਟੀਕਲ ਦਾ ਕੰਮ ਅਤੇ ਗਣਿਤ ਕ੍ਰਿਆਵਾਂ ਦੀ ਅਧਿਆਪਕਾਂ ਨੂੰ ਆਨ-ਸਾਈਟ ਟ੍ਰੇਨਿੰਗ ਦਿੰਦੇ ਹਨ ਜੋ ਕਿ ਸਾਇੰਸ, ਗਣਿਤ ਦੀ ਪੜ੍ਹਾਈ ਦੇ ਗੁਣਾਤਮਕ ਸੁਧਾਰ ਲਈ ਅਹਿਮ ਰੋਲ ਨਿਭਾਉਂਦੇ ਹਨ। ਇਸ ਕਰਕੇ ਇੰਸਪੈਕਸ਼ਨ ਟੀਮਾਂ ਅਤੇ ਗੁਣਾਤਮਕ ਸੁਧਾਰ ਦੇ ਪ੍ਰੋਜੈਕਟਾਂ ਵਿੱਚ ਕੰਮ ਕਰਦੇ ਸਾਇੰਸ ਅਧਿਆਪਕਾਂ ਦਾ ਸਾਇੰਸ ਦਾ ਸਪੈਸ਼ਲ ਭੱਤਾ ਸਮੇਤ ਤਨਖਾਹ ਨਾਲ ਰਲੀਜ਼ ਕੀਤਾ ਜਾਵੇ ਅਤੇ ਡੀ.ਡੀ.ਓਜ਼ ਵੱਲੋਂ ਕੀਤੀ ਗਈ ਕਟੌਤੀ ਦਾ ਬਕਾਇਆ ਵੀ ਜਾਰੀ ਕੀਤਾ ਜਾਵੇ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ